ਨੰ. SED-EDU303/116/2025-3EDU3 I/1187903/2025

**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**
**(ਸਿੱਖਿਆ-3 ਸ਼ਾਖਾ)**

ਸੇਵਾ ਵਿਖੇ

ਪ੍ਰਿੰਸੀਪਲ,
**British Sikh School,**
**ibban Road, Khojewal,**
**Distt Kapurthala**
ਮਿਤੀ, ਚੰਡੀਗੜ੍ਹ:29.08.2025

ਵਿਸ਼ਾ:- **British Sikh School, ibban Road, Khojewal, Distt Kapurthala** ਨੂੰ ਸੀਬੀਐਸਈ ਬੋਰਡ ਨਾਲ ਐਫੀਲੀਏਸ਼ਨ ਲੈਣ ਲਈ ਦਸਵੀਂ ਪੱਧਰ ਤੱਕ ਦਾ ਇਤਰਾਜਹੀਣਤਾ ਸਰਟੀਫਿਕੇਟ (ਐਨ.ਓ.ਸੀ.) ਅਤੇ ਮਾਨਤਾ ਜਾਰੀ ਕਰਨ ਸਬੰਧੀ।

******

ਉਪਰਕੋਤ ਵਿਸ਼ੇ ਤੇ ਆਪ ਵੱਲੋਂ ਪੋਰਟਲ ਤੇ ਐਪਲੀਕੇਸ਼ਨ ਨੰ 15005C6130 ਰਾਹੀਂ ਅਪਲਾਈ ਕੀਤੇ ਕੇਸ ਦੇ ਹਵਾਲੇ ਵਿੱਚ।

1. ਇਹ ਇਤਰਾਜਹੀਣਤਾ ਸਰਟੀਫਿਕੇਟ ਸਕੂਲ ਪ੍ਰਬੰਧਨ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜਾਂ, ਜਿਲ੍ਹਾ ਪੱਧਰੀ ਕਮੇਟੀ ਦੀ ਨਿਰੀਖਣ ਰਿਪੋਰਟ, ਜਿਲ੍ਹਾ ਸਿੱਖਿਆ ਅਫਸਰ (ਸੈ:ਸਿ), ਕਪੂਰਥਲਾ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਮੋਹਾਲੀ ਦੀ ਸਿਫਾਰਸ਼ਾਂ ਸਨਮੁੱਖ ਸਕੂਲ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 26.11.2018 ਦੇ ਪੈਰ੍ਹਾ 6 ਤਹਿਤ ਜਾਰੀ ਕੀਤਾ ਜਾਂਦਾ ਹੈ।

2. ਸਕੂਲ ਪ੍ਰਬੰਧਨ ਹੇਠ ਲਿਖਿਆਂ ਸ਼ਰਤਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗਾ:-

ੳ, ਸਕੂਲ ਸਿੱਖਿਆ ਵਿਭਾਗ, ਪੰਜਾਬ ਸਰਕਾਰ ਵੱਲੋਂ ਜਾਰੀ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ 2009, ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨਿਯਮਾਂ 2011, ਪੰਜਾਬ ਰੈਗੂਲੇਸ਼ਨ ਆਫ ਫੀ ਆਫ ਅਨਏਡਿਡ ਐਜੂਕੇਸ਼ਨਲ ਇੰਨਸਟੀਟਿਊਸ਼ਨਜ਼ ਐਕਟ 2016 ਅਤੇ ਵਿਭਾਗ ਵਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਸਬੰਧਤ ਹਦਾਇਤਾਂ ਦੀ ਇੰਨ-ਬਿਨ ਪਾਲਣਾ।

ਅ) ਸਕੂਲ , ਪੰਜਾਬ ਅਤੇ ਹੋਰ ਭਾਸ਼ਾਵਾਂ ਦੀ ਸਿੱਖਿਆ ਦਾ ਪੰਜਾਬ ਐਕਟ, 2008 ਅਤੇ ਸਮੇਂ ਸਮੇਂ ਤੇ ਜਾਰੀ ਕੀਤੀਆਂ ਗਈਆਂ ਸੋਧਾਂ ਨੂੰ ਲਾਗੂ ਕਰਨਾ ਯਕੀਨੀ ਬਣਾਏਗਾ।

ੲ) ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ, ਫਾਈਰ ਸੇਫਟੀ ਸਰਟੀਫਿਕੇਟ, ਪੀਣਯੋਗ ਪਾਣੀ ਦਾ ਸਰਟੀਫਿਕੇਟ ਅਤੇ ਹੋਰ ਲੋੜੀਂਦੇ ਇਤਰਾਜਹੀਣਤਾ ਸਰਟੀਫਿਕੇਟ ਸਮੇਂ ਸਿਰ ਰਿਨਿਊ ਕਰਵਾਉਣਗੇ।

ਸ) ਸਕੂਲ ਸਟਾਫ ਨੂੰ ਸਰਕਾਰੀ ਕਰਮਚਾਰੀਆਂ ਦੀ ਬੇਸਿਕ ਪੇ + ਗ੍ਰੇਡ ਪੇਅ ਦੇ ਆਧਾਰ ਤੇ ਤਨਖਾਹ ਅਤੇ ਹੋਰ ਭੱਤੇ ਆਦਿ ਅਕਾਊਂਟ ਪੇਈ ਚੈਕਾਂ/ਆਨ-ਲਾਈਨ ਟਰਾਂਸਫਰ ਕਰਨਾ।

ਹ) ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਸਕੂਲ ਦੇ ਨਿਰੀਖਣ ਦੌਰਾਨ ਸਹਿਯੋਗ ਕਰਨਾ। ਸਹਿਯੋਗ ਨਾ ਕਰਨ ਦੀ ਸੂਰਤ ਵਿੱਚ ਸਕੂਲ ਵਿਭਾਗ ਵਲੋਂ ਜਾਰੀ ਕੀਤੀਆਂ ਹਦਾਇਤਾਂ ਮਿਤੀ 26.11.2018 ਦੇ ਪੈਰ੍ਹਾ ਨੰ. 8 ਵਿੱਚ ਕੀਤੇ ਦੰਡ ਉਪਬੰਧਾਂ ਦਾ ਪਾਤਰ ਹੋਵੇਗਾ।

ਕ) ਮਾਨਯੋਗ ਹਾਈ ਕੋਰਟ ਵੱਲੋਂ ਰਿਟ ਪਟੀਸ਼ਨ ਨੰ. 179[illegible] ਆਫ 2022 ਵਿੱਚ ਕੀਤੇ ਹੁਕਮ ਮਿਤੀ 17.08.2022 ਦੀ ਰੌਸ਼ਨੀ ਵਿੱਚ ਅਤੇ ਭਵਿੱਖ ਵਿੱਚ ਜੋ ਫੈਸਲਾ ਸੁਣਾਇਆ ਜਾਵੇਗਾ, ਉਹ ਸਕੂਲ ਨੂੰ ਇਤਰਾਜਹੀਣਤਾ ਸਰਟੀਫਿਕੇਟ ਮਿਲਣ ਦੀ ਮਿਤੀ ਤੋਂ ਲਾਗੂ ਹੋਵੇਗਾ।

3. ਉਪਰੋਕਤ ਦਰਸਾਈਆਂ ਸ਼ਰਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਇਤਰਾਜਹੀਣਤਾ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।

4. ਇਹ ਇਤਰਾਜਹੀਣਤਾ ਸਰਟੀਫਿਕੇਟ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਅਧੀਨ ਸਕੱਤਰ,ਸਕੂਲ ਸਿੱਖਿਆ

ਪਿੱ:ਅੰ:ਨੰ. SED-EDU303/116/2025-3EDU3 I/1187903/2025/1-2 ਮਿਤੀ, ਚੰਡੀਗੜ੍ਹ 29.08.2025

ਉਪਰਕੋਤ ਦਾ ਇਕ ਉਤਾਰਾ ਹੇਠ ਲਿੱਖਿਆ ਨੂੰ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ, ਮੋਹਾਲੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਸ਼ਾ ਅੰਕਿਤ ਸਕੂਲ ਦਾ ਨਿਯਮਤ ਨਿਰੀਖਣ ਹਰ ਹਾਲਤ ਵਿੱਚ ਕਰਵਾਇਆ ਜਾਵੇ ਅਤੇ ਨਿਰੀਖਣ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ।
2. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਕਪੂਰਥਲਾ।

ਅਧੀਨ ਸਕੱਤਰ,ਸਕੂਲ ਸਿੱਖਿਆ

**ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ**
**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ - 8, ਮੋਹਾਲੀ**
**(ਗਰਾਂਟ ਸ਼ਾਖਾ)**
dse.grant@punjabeducation.gov.in

ਪਿੱਠ ਅੰਕਣ ਨੰ. 913125 DPISE-GP10GENL/78/2025-GRANT PENSION-1(5)-DPISE/2025276244
ਮਿਤੀ, ਐਸ.ਏ.ਐਸ. ਨਗਰ, 17-09-2025

ਉਪਰੋਕਤ ਸਰਕਾਰ ਦੇ ਹੁਕਮ ਨੰ. SED - EDU 303 / 116 / 2025 - 3 EDU 3 ਮਿਤੀ 29.08.2025 ਦੀ ਕਾਪੀ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ -

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਕਪੂਰਥਲਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰ ਵੱਲੋਂ ਕੀਤੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਕੇ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।
2. ਮੈਨੇਜਮੈਂਟ/ ਪ੍ਰਿੰਸੀਪਲ, ਬ੍ਰਿਟਿਸ਼ ਸਿੱਖ ਸਕੂਲ, ਇੱਬਣ ਰੋਡ, ਖੋਜੇਵਾਲ, ਜਿਲ੍ਹਾ ਕਪੂਰਥਲਾ।

ਸੁਪਰਡੰਟ (ਗਰਾਂਟ ਸ਼ਾਖਾ)

**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**
**(ਸਿੱਖਿਆ-3 ਸ਼ਾਖਾ)**

**ਨੰ** SED-EDU303/116/2025-3EDU3 I/1187907/2025 **ਮਿਤੀ, ਚੰਡੀਗੜ੍ਹ: 29.08.2025**

1. ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮਿਤੀ 26.11.2018 ਦੇ ਪੈਰ੍ਹਾ 3 ਅਤੇ 5 ਅਤੇ ਹਦਾਇਤਾਂ ਮਿਤੀ 11.02.2019 ਦੇ ਸਨਮੁੱਖ **British Sikh School, ibban Road, Khojewal, Distt Kapurthala** ਨੂੰ ਦਸਵੀਂ ਪੱਧਰ ਤੱਕ ਦੀ ਮਾਨਤਾ ਦਿੱਤੀ ਜਾਂਦੀ ਹੈ।

2. ਇਹ ਮਾਨਤਾ ਸਕੂਲ ਵੱਲੋਂ ਐਨ.ਓ.ਸੀ. ਲਈ ਪੇਸ਼ ਕੀਤੇ ਗਏ ਦਸਤਾਵੇਜਾਂ, ਜਿਲ੍ਹਾ ਪੱਧਰੀ ਕਮੇਟੀ ਦੀ ਨਿਰੀਖਣ ਰਿਪੋਰਟ, ਜਿਲ੍ਹਾ ਸਿੱਖਿਆ ਅਫਸਰ (ਸੈ:ਸਿ), ਕਪੂਰਥਲਾ ਅਤੇ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਮੋਹਾਲੀ ਦੀ ਸਿਫਾਰਸ਼ਾਂ ਸਨਮੁੱਖ ਦਿੱਤੀ ਗਈ ਹੈ।

3. ਸਕੂਲ ਇਤਰਾਜਹੀਣਤਾ ਸਰਟੀਫਿਕੇਟ ਨੰ SED-EDU303/116/2025-3EDU3 I/1187903/2025 ਮਿਤੀ 29.08.2025 ਵਿੱਚ ਦਰਜ ਸ਼ਰਤਾਂ ਅਤੇ ਸਕੂਲ ਸਿੱਖਿਆ ਵਿਭਾਗ, ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ। ਜੇਕਰ ਸਕੂਲ ਦਾ ਇਤਰਾਜਹੀਣਤਾ ਸਰਟੀਫਿਕੇਟ ਰੱਦ ਕੀਤਾ ਜਾਂਦਾ ਹੈ ਤਾਂ ਮਾਨਤਾ ਰੱਦ ਸਮਝੀ ਜਾਵੇਗੀ।

**ਅਧੀਨ ਸਕੱਤਰ, ਸਕੂਲ ਸਿੱਖਿਆ**

**ਪਿ.ਅੰ.ਨੰ.** SED-EDU303/116/2025-3EDU3 I/1187907/2025/1-3 **ਮਿਤੀ,ਚੰਡੀਗੜ੍ਹ** 29.08.2025

ਉਪਰਕੋਤ ਦਾ ਇਕ ਉਤਾਰਾ ਹੇਠ ਲਿੱਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਪ੍ਰਿੰਸੀਪਲ, **British Sikh School,ibban Road, Khojewal, Distt Kapurthala**
2. ਡਾਇਰੈਕ਼ਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ, ਮੋਹਾਲੀ।
3. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਜਿਲ੍ਹਾ ਕਪੂਰਥਲਾ ।

**ਅਧੀਨ ਸਕੱਤਰ, ਸਕੂਲ ਸਿੱਖਿਆ**